(1) ਪ੍ਰਕਿਰੇ. (14)

ਮਿਤੀ 09-06-2009 ਨੂੰ ਮਾਨਯੋਗ ਸ੍ਰੀ ਤੀਕਸ਼ਨ ਸੂਦ, ਕਿਰਤ ਮੰਤਰੀ,ਪੰਜਾਬ ਜੀ ਦੀ ਪ੍ਰਧਾਨਗੀ ਹੇਠ ਪੰਜਾਬ ਬਿਲਡਿੰਗ ਐਂਡ ਅਦਰ ਕੰਸਟਰੱਕਸ਼ਨ ਵਰਕਰਜ਼ ਵੈਲਫੇਅਰ ਬੋਰਡ ਦੀ ਹੋਈ ਮੀਟਿੰਗ ਦੀ ਕਾਰਵਾਈ।

ਅੱਜ ਮਿਤੀ 09-06-2009 ਨੂੰ ਮਾਨਯੋਗ ਸ੍ਰੀ ਤੀਕਸ਼ਨ ਸੂਦ, ਕਿਰਤ ਮੰਤਰੀ,ਪੰਜਾਬ ਜੀ ਦੀ ਪ੍ਰਧਾਨਗੀ ਹੇਠ ਪੰਜਾਬ ਬਿਲਡਿੰਗ ਐਂਡ ਅਦਰ ਕੰਸਟਰੱਕਸ਼ਨ ਵਰਕਰਜ਼ ਵੈਲਫੇਅਰ ਬੋਰਡ ਦੀ ਮੀਟਿੰਗ ਹੋਈ, ਜਿਸ ਵਿੱਚ ਹੇਠ ਲਿਖੇ ਮੈਂਬਰਾਂ ਅਤੇ ਅਧਿਕਾਰੀਆਂ ਨੇ ਭਾਗ ਲਿਆ:-

1. ਸ੍ਰੀ ਪੀ.ਰਾਮ, ਆਈ.ਏ.ਐਸ., ਪ੍ਰਮੁੱਖ ਸਕੱਤਰ ਕਿਰਤ। — ਮੈਂਬਰ

2. ਸ੍ਰੀ ਹਰੀਸ਼ ਨਈਅਰ,ਐਡੀਸ਼ਨਲ ਕਿਰਤ ਕਮਿਸ਼ਨਰ ਵਾਸਤੇ ਕਿਰਤ ਕਮਿਸ਼ਨਰ, ਪੰਜਾਬ। — ਮੈਂਬਰ ਸਕੱਤਰ

3. ਸ੍ਰੀ ਏ.ਕੇ.ਬੱਤਾ, ਚੀਫ ਇੰਜੀਨੀਅਰ (ਡੀ) — ਮੈਂਬਰ (ਪ੍ਰਤੀਨਿਧੀ ਪ੍ਰਮੁੱਖ ਸਕੱਤਰ,ਸਿੰਚਾਈ ਵਿਭਾਗ,ਪੰਜਾਬ)

4. ਸ੍ਰੀ ਵਿਨੋਦ ਚੌਧਰੀ, ਚੀਫ਼ ਇੰਜੀਨੀਅਰ (ਸੀ) — ਮੈਂਬਰ (ਪ੍ਰਤੀਨਿਧੀ ਪ੍ਰਮੁੱਖ ਸਕੱਤਰ,ਸਿੰਚਾਈ ਵਿਭਾਗ,ਪੰਜਾਬ)

5. ਸ੍ਰੀ ਦੀਪਕ ਪੁਰੀ, — ਮੈਂਬਰ (ਪ੍ਰਤੀਨਿਧੀ ਪ੍ਰਮੁੱਖ ਸਕੱਤਰ,ਲੋਕ ਨਿਰਮਾਣ ਵਿਭਾਗ, ਪੰਜਾਬ)

6. ਸ੍ਰੀ ਕਰਤਾਰ ਸਿੰਘ ਰਠੌਰ, ਭਾਰਤੀਆ ਮਜ਼ਦੂਰ ਸੰਘ, ਸਿਵਲ ਲਾਈਨਜ਼, ਜਲੰਧਰ। — ਮੈਂਬਰ

(15)

| | | |
|---|---|---|
| 7. | ਸ੍ਰੀ ਸੁਭਾਸ਼ ਰਾਮ ਪਾਲ, | ਮੈਂਬਰ |
| 8. | ਸ੍ਰੀ ਦੀਪਕ ਤਾਇਲ, | ਮੈਂਬਰ |
| 9. | ਸ੍ਰੀ ਇੰਦਰੇਸ਼ ਮੋਹਨ ਹਿੰਦੂਜਾ; | ਮੈਂਬਰ |
| 10. | ਸ੍ਰੀਮਤੀ ਸਰੋਜ਼ ਨਯਨ,<br>(ਆਰ.ਐਸ.ਬੀ.ਵਾਈ) | ਸਪੈਸ਼ਲ ਇੰਨਵਾਈਟੀ |
| 11. | ਸ੍ਰੀ ਐਨ.ਐਸ. ਟਿਵਾਣਾ, | ਸਪੈਸ਼ਲ ਇੰਨਵਾਈਟੀ। |
| 12. | ਸ੍ਰੀ ਐਸ.ਪੀ.ਸਿੰਘ,<br>(ਓਰੀਐਂਟਲ ਇੰਸ਼ੋਰੈਂਸ) | ਸਪੈਸ਼ਲ ਇੰਨਵਾਈਟੀ, |
| 13. | ਸ੍ਰੀ ਪੀ.ਕੇ.ਜੈਨ,<br>ਕਿਰਤ ਵਿਭਾਗ,ਪੰਜਾਬ | ਸਹਾਇਕ ਕਿਰਤ ਕਮਿਸ਼ਨਰ (ਸਦਰ) |
| 14. | ਸ੍ਰੀ ਜੈਕਬ ਪ੍ਰਤਾਪ,<br>ਕਿਰਤ ਵਿਭਾਗ,ਪੰਜਾਬ | ਸਹਾਇਕ ਕਿਰਤ ਕਮਿਸ਼ਨਰ,ਮੋਹਾਲੀ |

ਮੀਟਿੰਗ ਦੇ ਆਰੰਭ ਵਿੱਚ ਮਾਨਯੋਗ ਕਿਰਤ ਮੰਤਰੀ, ਜੋ ਕਿ ਬੋਰਡ ਦੇ ਚੇਅਰਮੈਨ ਵੀ ਹਨ, ਜੀ ਨੂੰ ਦੱਸਿਆ ਗਿਆ ਕਿ ਬੋਰਡ ਦੇ ਕੁੱਲ 15 ਮੈਂਬਰਾਂ ਵਿਚੋਂ 8 ਮੈਂਬਰ ਹਾਜ਼ਰ ਹਨ, ਇਸ ਲਈ ਬੋਰਡ ਦਾ ਕੋਰਮ ਪੂਰਾ ਹੋ ਗਿਆ ਹੈ, ਜਿਸ ਤੇ ਉਨ੍ਹਾਂ ਨੇ ਬੋਰਡ ਦੀ ਕਾਰਵਾਈ ਆਰੰਭ ਕਰਨ ਲਈ ਆਗਿਆ ਦਿੱਤੀ।

ਸ੍ਰੀ ਹਰੀਸ਼ ਨਈਅਰ, ਐਡੀਸ਼ਨਲ ਕਿਰਤ ਕਮਿਸ਼ਨਰ, ਪੰਜਾਬ ਨੇ ਮਾਨਯੋਗ ਕਿਰਤ ਮੰਤਰੀ, ਮਾਨਯੋਗ ਪ੍ਰਮੁੱਖ ਸਕੱਤਰ ਕਿਰਤ ਅਤੇ ਮੀਟਿੰਗ ਵਿੱਚ ਹਾਜ਼ਰ ਮੈਂਬਰਾਂ ਅਤੇ ਸਪੈਸ਼ਲ ਇੰਨਵਾਈਟੀਜ਼ ਨੂੰ ਜੀ ਆਇਆਂ ਕਿਹਾ ਅਤੇ ਅਜੰਡੇ ਵਿੱਚ ਦਰਜ਼ ਹਰ ਇੱਕ ਮੱਦ ਨੂੰ ਚੇਅਰਮੈਨ ਜੀ ਦੀ ਹਾਜ਼ਰੀ ਵਿੱਚ ਮੈਂਬਰਾਂ ਨੂੰ ਪੜ੍ਹ ਕੇ ਸੁਣਾਇਆ ਅਤੇ ਬੋਰਡ ਦੇ ਹਾਜ਼ਰ ਮੈਂਬਰਾਂ ਵੱਲੋਂ ਪ੍ਰਗਟਾਏ ਗਏ ਵਿਚਾਰਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਹੇਠ ਅਨੁਸਾਰ ਫੈਸਲੇ ਲਏ ਗਏ:-

16

ਆਈਟਮ ਨੰ: 1: ਜਾਣ ਪਹਿਚਾਣ।

ਬੋਰਡ ਦੇ ਮੈਂਬਰ ਸਕੱਤਰ ਵੱਲੋਂ ਬਿਲਡਿੰਗ ਐਂਡ ਅਦਰ ਕੰਸਟਰੱਕਸ਼ਨ ਵਰਕਰਜ਼ (ਰੈਗੂਲੇਸ਼ਨ ਆਫ ਇੰਪਲਾਇਮੈਂਟ ਐਂਡ ਕੰਡੀਸ਼ਨਜ਼ ਆਫ ਸਰਵਿੱਸ) ਐਕਟ, 1996 ਅਤੇ ਬਿਲਡਿੰਗ ਐਂਡ ਅਦਰ ਕੰਸਟਰੱਕਸ਼ਨ ਵਰਕਰਜ਼ ਵੈਲਫੇਅਰ ਸੈਸ ਐਕਟ, 1996 ਦੇ ਉਪਬੰਧਾਂ ਬਾਰੇ ਪਾਵਰ ਪ੍ਰਿਜੈਂਟੇਸ਼ਨ ਦੇ ਸਲਾਇਡ ਸ਼ੋ ਰਾਹੀਂ ਹਾਜ਼ਰ ਮੈਂਬਰਾਂ ਨੂੰ ਵਿਸਥਾਰ-ਪੂਰਵਕ ਚਾਨਣਾ ਪਾਇਆ ਅਤੇ ਦੱਸਿਆ ਕਿ ਇਸ ਸਮੇਂ ਦੇਸ਼ ਭਰ ਵਿਚ ਤਕਰੀਬਨ ਸਾਢੇ ਤਿੰਨ ਕਰੋੜ ਕਾਮੇ ਉਸਾਰੀ ਦੇ ਕੰਮਾਂ ਵਿੱਚ ਲੱਗੇ ਹੋਏ ਹਨ ਅਤੇ ਪੰਜਾਬ ਰਾਜ ਵਿੱਚ ਤਕਰੀਬਨ 3-4 ਲੱਖ ਉਸਾਰੀ ਕਿਰਤੀ ਜਿਨ੍ਹਾਂ ਨੂੰ ਬਤੌਰ ਲਾਭਪਾਤਰੀ ਪ੍ਰਜੀਕ੍ਰਿਤ ਕਰਕੇ ਬੋਰਡ ਵੱਲੋਂ ਉਸਾਰੀ ਕਿਰਤੀਆਂ ਦੀ ਭਲਾਈ ਲਈ ਚਲਾਈਆਂ ਜਾਣ ਵਾਲੀਆਂ ਸਕੀਮਾਂ ਦਾ ਲਾਭ ਦੇਣਾ ਹੈ। ਪੰਜਾਬ ਸਰਕਾਰ ਨੇ ਐਕਟ ਅਧੀਨ ਬਣਾਏ ਗਏ ਰੂਲ ਮਿਤੀ 1.10.08 ਨੂੰ ਗਜ਼ਟ ਵਿੱਚ ਪ੍ਰਕਾਸ਼ਿਤ ਕਰਕੇ ਇਸ ਐਕਟ ਨੂੰ ਪੂਰੀ ਤਰ੍ਹਾਂ ਲਾਗੂ ਕਰ ਦਿੱਤਾ ਹੈ।

ਮੈਂਬਰ ਸਕੱਤਰ ਜੀ ਨੇ ਹਾਜ਼ਰ ਮੈਂਬਰ ਸਾਹਿਬਾਨ ਨੂੰ ਇਹ ਵੀ ਦਸਿਆ ਕਿ ਰਾਜ ਭਰ ਵਿੱਚ ਸੈਸ ਮਿਤੀ 1.10.2008 ਤੋਂ ਬਾਅਦ ਕੀਤੀ ਜਾ ਰਹੀ ਉਸਾਰੀ ਤੇ ਇੱਕਤਰ ਕੀਤਾ ਜਾ ਰਿਹਾ ਹੈ ਅਤੇ ਇਸ ਸਮੇਂ ਬੋਰਡ ਦੇ ਖਾਤੇ ਵਿਚ 3.11 ਕਰੋੜ ਰੁਪਏ ਬਤੌਰ ਸੈਸ ਇੱਕਤਰ ਹੋ ਚੁੱਕੇ ਹਨ।

ਆਈਟਮ ਨੰ: 2: ਬੋਰਡ ਦੇ ਦਫ਼ਤਰ ਲਈ ਬਿਲਡਿੰਗ ਬਾਰੇ।

ਮੈਂਬਰ ਸਕੱਤਰ ਨੇ ਇਸ ਬਾਰੇ ਹਾਜ਼ਰ ਬੋਰਡ ਦੇ ਮੈਂਬਰਾਂ ਨੂੰ ਇਸ ਆਈਟਮ ਬਾਰੇ ਦੱਸਿਆ ਕਿ ਇਸ ਸਮੇਂ ਬੋਰਡ ਦਾ ਕੰਮ ਕਿਰਤ ਕਮਿਸ਼ਨਰ, ਪੰਜਾਬ ਜੀ ਦੇ ਦਫ਼ਤਰ ਵਿੱਚੋਂ ਚਲਾਇਆ ਜਾ ਰਿਹਾ ਹੈ ਪਰੰਤੂ ਦਫ਼ਤਰ ਵਿੱਚ ਥਾਂ ਦੀ ਘਾਟ ਹੋਣ ਕਾਰਨ ਇਹ ਸੁਝਾਅ ਦਿੱਤਾ ਗਿਆ ਕਿ ਕਿਉਂ ਜੋ ਇੰਡਸਟਰੀਅਲ ਟ੍ਰਿਬਿਊਨਲ ਪੰਜਾਬ ਭੰਗ ਹੋ ਚੁੱਕਾ ਹੈ, ਇਸ ਲਈ ਇੰਡਸਟਰੀਅਲ ਟ੍ਰਿਬਿਊਨਲ ਦੀ ਬਿਲਡਿੰਗ ਜੋ ਕਿ , ਐਸ.ਸੀ.ਓ.ਨੰ: 2931-32, ਸੈਕਟਰ 22-ਸੀ, ਚੰਡੀਗੜ੍ਹ ਵਿਖੇ ਹੈ, ਵਿੱਚ ਬੋਰਡ ਦਾ ਦਫ਼ਤਰ ਅੰਸ਼ਕ ਤੌਰ ਤੇ ਤਬਦੀਲ ਕਰ ਦਿੱਤਾ ਜਾਵੇ ਇਸ ਪ੍ਰਸਤਾਵ ਨੂੰ ਸਰਬਸੰਮਤੀ ਨਾਲ ਸਾਰੇ ਮੈਂਬਰਾਂ ਨੇ ਮਨਜ਼ੂਰ ਦੇ ਦਿੱਤੀ।

ਆਈਟਮ ਨੰ:3: ਬੋਰਡ ਦੇ ਸਕੱਤਰ ਦੀ ਨਿਯੁਕਤੀ ਦੀ ਪੁਸ਼ਟੀ ਕਰਨ ਬਾਰੇ।

ਸਾਰੇ ਹਾਜ਼ਰ ਮੈਂਬਰਾਂ ਨੇ ਸਰਬਸੰਮਤੀ ਨਾਲ ਫੈਸਲਾ ਕੀਤਾ ਕਿ ਕਿਰਤ ਕਮਿਸ਼ਨਰ, ਪੰਜਾਬ ਹੀ ਬੋਰਡ ਦੇ ਸਕੱਤਰ (ਐਕਸ-ਆਫੀਸ਼ੀਓ) ਵੱਜੋ ਕੰਮ ਕਰਨਗੇ। ਮੈਂਬਰਾਂ ਨੇ ਪੰਜਾਬ ਬਿਲਡਿੰਗ ਐਂਡ ਅਦਰ ਕੰਸਟਰੱਕਸ਼ਨ ਵਰਕਰਜ਼ (ਰੈਗੂਲੇਸ਼ਨ ਆਫ ਇੰਪਲੀਮੈਂਟ ਐਂਡ ਕੰਡੀਸ਼ਨਜ਼ ਆਫ ਸਰਵਿੱਸ) ਰੂਲਜ਼, 2008

ਦੇ ਰੂਲ 258 ਵਿੱਚ ਵੀ ਇਸ ਸਬੰਧ ਵਿੱਚ ਲੋੜੀਂਦੀ ਸੋਧ ਕਰਵਾਉਣ ਹਿੱਤ ਸਰਕਾਰ ਨੂੰ ਲਿਖਣ ਲਈ ਫੈਸਲਾ ਕੀਤਾ।

ਆਈਟਮ ਨੰ:4: **ਬੋਰਡ ਲਈ ਸਟਾਫ਼ ਦੀ ਭਰਤੀ ਬਾਰੇ।**

ਬਿਲਡਿੰਗ ਐਂਡ ਅਦਰ ਕੰਸਟਰੱਕਸ਼ਨ ਵਰਕਰਜ਼ (ਰੈਗੂਲੇਸ਼ਨ ਆਫ ਇੰਪਲੀਮੈਂਟ ਐਂਡ ਕੰਡੀਸ਼ਨਜ਼ ਆਫ ਸਰਵਿੱਸ) ਐਕਟ, 1996 ਦੀ ਧਾਰਾ 19 ਵਿੱਚ ਬੋਰਡ ਦਾ ਕੰਮ-ਕਾਜ਼ ਚਲਾਉਣ ਲਈ ਸਟਾਫ ਦੀ ਭਰਤੀ ਕਰਨ ਬਾਰੇ ਉਪਬੰਧ ਹੈ। ਇਸ ਲਈ ਬੋਰਡ ਦੇ ਕੰਮ ਨੂੰ ਸੁਚਾਰੂ ਢੰਗ ਨਾਲ ਚਲਾਉਣ ਲਈ ਸਕੱਤਰ ਤੋਂ ਇਲਾਵਾ ਸਟਾਫ ਦੀ ਹੇਠ ਲਿਖੇ ਅਨੁਸਾਰ ਮੈਂਬਰਾਂ ਵੱਲੋਂ ਪ੍ਰਵਾਨਗੀ ਦਿੱਤੀ ਗਈ:-

ੳ) ਸਦਰ ਦਫ਼ਤਰ ਵਿਖੇ:

| ਲੜੀ ਨੰ: | ਅਸਾਮੀ ਦਾ ਨਾਂ | ਗਿਣਤੀ | ਰੱਖਣ ਦਾ ਮਾਧਿਅਮ | ਵਿਦਿਅਕ ਯੋਗਤਾ ਅਤੇ ਤਜਰਬਾ | ਵਿੱਤੀ ਖਰਚਾ (ਪ੍ਰਤੀ ਮਹੀਨਾਂ) (ਰੁ: ਵਿਚ) | ਸਲਾਨਾ ਖਰਚਾ (ਰੁ: ਵਿਚ) |
|---|---|---|---|---|---|---|
| 1. | ਸਕੱਤਰ | 1 | ਕਿਰਤ ਕਮਿਸ਼ਨਰ ਪੰਜਾਬ (ex-officio) | ਮੌਜੂਦਾ ਕਿਰਤ ਕਮਿਸ਼ਨਰ ਪੰਜਾਬ | - | - |
| 2. | ਓ ਐਸ ਡੀ/ ਸਲਾਹਕਾਰ | 1 | ਬੋਰਡ ਵੱਲੋਂ- ਠੇਕੇ ਤੇ | ਘੱਟੋ-ਘੱਟ ਗਰੈਜੂਏਟ ਸੈਕੰਡ ਕਲਾਸ + 10 ਸਾਲ ਦਾ ਤਜਰਬਾ ਬਤੌਰ ਗਜਟਿਡ ਅਧਿਕਾਰੀ | ਰੁ: 25,000 ਪ੍ਰਤੀ ਮਹੀਨਾ | 3.0 ਲੱਖ |
| 3. | ਡਿਪਟੀ ਸਕੱਤਰ | 1 | ਕਿਰਤ ਵਿਭਾਗ ਪੰਜਾਬ ਵਿਚੋਂ ਡੈਪੂਟੇਸ਼ਨ ਤੇ। | ਕਿਰਤ ਵਿਭਾਗ,ਪੰਜਾਬ ਵਿਖੇ ਤੈਨਾਤ ਡਿਪਟੀ ਕਿਰਤ ਕਮਿਸ਼ਨਰ/ ਸਹਾਇਕ ਕਿਰਤ ਕਮਿਸ਼ਨਰ | ਰੁ: 7880-11660 (ਪੰਜਾਬ ਸਰਕਾਰ ਦਾ ਅਨਰਿਵਾਈਜ਼ਡ | 4.50 ਲੱਖ |

(18)

| | | | | | | |
|---|---|---|---|---|---|---|
| | | | | | ਸਕੇਲ + ਡੈਪੂਟੇਸ਼ਨ ਅਲਾਊਸ) | |
| 4. | ਐਡਮਨਿਸ਼ਟਰੇਟਿਵ ਅਫਸਰ | 1 | ਬੋਰਡ ਵੱਲੋਂ- ਠੇਕੇ ਤੇ | ਘੱਟੋ-ਘੱਟ ਗਰੈਜੂਏਟ ਸੈਕੰਡ ਕਲਾਸ + 7 ਸਾਲ ਦਾ ਤਜਰਬਾ ਬਤੌਰ ਗਜ਼ਟਿਡ ਅਧਿਕਾਰੀ ਅਤੇ ਕੰਪਿਊਅਰ ਤੇ ਕੰਮ ਕਰਨ ਦੀ ਸਮੱਰਥਾ। | ਰੁ: 20,000 ਪ੍ਰਤੀ ਮਹੀਨਾ | 2.40 |
| 5. | ਅਕਾਊਂਟ ਅਫਸਰ | 1 | ਬੋਰਡ ਵੱਲੋਂ- ਠੇਕੇ ਤੇ | ਐਸ.ਏ.ਐਸ ਟੈਸਟ ਪਾਸ + 5 ਸਾਲ ਦਾ ਤਜਰਬਾ | ਰੁ: 15,000/- | 1.80 |
| 6. | ਸੁਪਰਡੰਟ ਦਫ਼ਤਰ | 1 | ਬੋਰਡ ਵੱਲੋਂ- ਠੇਕੇ ਤੇ | ਘੱਟੋ-ਘੱਟ ਗਰੈਜੂਏਟ + 7 ਸਾਲ ਦਾ ਤਜਰਬਾ ਬਤੌਰ ਸੀ. ਸਹਾਇਕ/ ਸੁਪਰਡੈਂਟ ਜਾਂ ਇਸ ਦੇ ਬਰਾਬਰ ਤਜਰਬਾ। | ਰੁ: 15,000/- | 3.60 |
| 7 | ਜੂਨੀਅਰ ਸਕੇਲ ਸਟੈਨੋਗ੍ਰਾਫਰ | 1 | ਪੰਜਾਬ ਸਰਕਾਰ ਦੇ ਕਿਸੇ ਵਿਭਾਗ/ਕਾਰਪੋਰੇਸ਼ਨ /ਬੋਰਡ ਤੋਂ ਡੈਪੂਟੇਸ਼ਨ ਤੇ ਜਾਂ ਪੰਜਾਬ ਸਰਕਾਰ ਦੇ ਕਿਸੇ ਵਿਭਾਗ ਕਾਰਪੋਰੇਸ਼ਨ/ਬੋਰਡ: | ਘੱਟੋ-ਘੱਟ ਗਰੈਜੂਏਟ + 10 ਸਾਲ ਦਾ ਤਜਰਬਾ ਬਤੌਰ ਸਟੈਨੋਟਾਈਪਿਸਟ। | As per Govt. rules. | 3.00 ਲੱਗਭਗ |

19

| | | | | | | |
|---|---|---|---|---|---|---|
| | | | ਤੋਂ ਟਰਾਂਸਫਰ ਰਾਹੀਂ। ਜੇਕਰ ਕੋਈ ਯੋਗ ਕਰਮਚਾਰੀ ਉਪਲਬਧ ਨਹੀਂ ਹੁੰਦਾ ਤਾਂ ਠੇਕੇ ਤੇ। | | | |
| 8 | ਸਟੈਨੋਟਾਈਪਿਸਟ | 1 | ਬੋਰਡ ਵੱਲੋਂ- ਠੇਕੇ ਤੇ | ਘੱਟੋ-ਘੱਟ ਗਰੈਜੂਏਟ + 2 ਸਾਲ ਦਾ ਤਜਰਬਾ ਬਤੌਰ ਸਟੈਨੋਟਾਈਪਿਸਟ। | ਰੁ: 6,000/- | |
| 9. | ਅਕਾਊਂਟ ਸਹਾਇਕ | 1 | ਬੋਰਡ ਵੱਲੋਂ- ਠੇਕੇ ਤੇ | ਘੱਟੋ-ਘੱਟ ਕਾਮਰਸ ਗਰੈਜੂਏਟ + 2 ਸਾਲ ਬਤੌਰ ਅਕਾਊਟ ਸਹਾਇਕ ਕੰਮ ਕਰਨ ਦਾ ਤਜਰਬਾ ਅਤੇ ਕੰਪਿਊਟਰ ਤੇ ਅਕਾਊਟਸ ਸਬੰਧੀ ਸਾਫਟਵੇਅਰ ਤੇ ਕੰਮ ਕਰਨ ਦਾ ਤਜਰਬਾ। | ਰੁ: 10,000/- | 1.20 |
| 10 | ਸਹਾਇਕ ਕਮ ਕੰਪਿਊਟਰ ਉਪਰੇਟਰ | 4 | ਬੋਰਡ ਵੱਲੋਂ- ਠੇਕੇ ਤੇ | ਗਰੈਜੂਏਟ + ਕੰਪਿਊਟਰ ਤੇ ਕੰਮ ਕਰਨ ਕਾ ਤਜਰਬਾ। | ਰੁ: 8,000/- | 3.84 |
| 11 | ਸੇਵਾਦਾਰ | 2 | ਬੋਰਡ ਵੱਲੋਂ- ਠੇਕੇ ਤੇ | ਪੰਜਾਬੀ ਵਿਸ਼ੇ ਸਹਿਤ ਦਸਵੀਂ ਪਾਸ ਅਤੇ ਕੰਪਿਊਟਰ ਦੀ ਜਾਣਕਾਰੀ ਰੱਖਦਾ ਹੋਵੇ। | ਰੁ: 5,000/- | 1.20 |

ਅ) ਫੀਲਡ ਵਿਖੇ:

| ਲੜੀ ਨੰ: | ਅਸਾਮੀ ਦਾ ਨਾਂ | ਗਿਣਤੀ | ਰੱਖਣ ਦਾ ਮਾਧਿਅਮ | ਵਿਦਿਅਕ ਯੋਗਤਾ ਅਤੇ ਤਜਰਬਾ | ਵਿੱਤੀ ਖਰਚਾ (ਪ੍ਰਤੀ ਮਹੀਨਾਂ) (ਰੁ: ਵਿਚ) | ਸਲਾਨਾ ਖਰਚਾ (ਰੁ: ਵਿਚ) |
|---|---|---|---|---|---|---|
| 1. | ਸਹਾਇਕ ਕਮ ਕੰਪਿਊਟਰ ਓਪਰੇਟਰ | 23 | ਬੋਰਡ ਵੱਲੋਂ- ਠੇਕੇ ਤੇ | ਘੱਟੋ-ਘੱਟ ਗਰੈਜੂਏਟ + ਕੰਪਿਊਟਰ ਤੇ ਕੰਮ ਕਰਨ ਦਾ ਤਜਰਬਾ। | ਰੁ: 8,000/- | 22.08 ਲੱਖ |
| 2. | ਸੇਵਾਦਾਰ | 23 | ਬੋਰਡ ਵੱਲੋਂ- ਠੇਕੇ ਤੇ | ਪੰਜਾਬੀ ਵਿਸ਼ੇ ਸਹਿਤ ਦਸਵੀਂ ਪਾਸ ਅਤੇ ਕੰਪਿਊਟਰ ਦੀ ਜਾਣਕਾਰੀ ਰੱਖਦਾ ਹੋਵੇ। | ਰੁ: 5,000/- | 13.80 |

ਉਮੀਦਵਾਰ ਦੀ ਨਿਯੁਕਤੀ ਲਈ ਕੋਈ ਉਪਰਲੀ ਉਮਰ ਸੀਮਾ ਨਹੀਂ ਹੋਵਗੀ। ਨਿਯੁਕਤ ਕੀਤੇ ਜਾਣ ਵਾਲੇ ਅਧਿਕਾਰੀ ਅਤੇ ਕਰਮਚਾਰੀਆਂ ਨੂੰ ਦਸਵੀਂ ਦੇ ਪੱਧਰ ਦੀ ਪੰਜਾਬੀ ਦੀ ਪ੍ਰੀਖਿਆ ਪਾਸ ਹੋਣਾ ਜਰੂਰੀ ਹੈ। ਉਕਤ ਸਟਾਫ ਦੀ ਨਿਯੁਕਤੀ ਕੰਮ ਦੀ ਮਾਤਰਾ ਨੂੰ ਮੁੱਖ ਰੱਖਦੇ ਹੋਏ ਲੋੜ ਅਨੁਸਾਰ ਕੀਤੇ ਜਾਣ ਦੀ ਤਜਵੀਜ਼ ਹੈ। ਮੈਂਬਰਾਂ ਵੱਲੋਂ ਠੇਕੇ ਤੇ ਕੀਤੀਆਂ ਜਾਣ ਵਾਲੀਆਂ ਨਿਯੁਕਤੀਆਂ ਪੰਜਾਬ ਸਰਕਾਰ ਦੀਆਂ ਸਮੇਂ-ਸਮੇਂ ਸਿਰ ਇਸ ਸਬੰਧੀ ਕੀਤੀਆਂ ਹਦਾਇਤਾਂ ਨੂੰ ਮੁੱਖ ਰੱਖਦਿਆਂ ਕਰਨਾ ਪ੍ਰਵਾਨ ਕੀਤਾ ਗਿਆ।

ਬੋਰਡ ਮੈਂਬਰਾਂ ਨੇ ਇਹ ਵੀ ਪ੍ਰਵਾਨ ਕੀਤਾ ਕਿ ਪੰਜਾਬ ਰੂਲਜ਼ ਦੇ ਰੂਲ 258 ਅਨੁਸਾਰ ਬੋਰਡ ਦੇ ਸਕੱਤਰ ਅਤੇ ਹੋਰ ਅਧਿਕਾਰੀਆਂ ਅਤੇ ਕਰਮਚਾਰੀਆਂ ਦੀਆਂ ਸੇਵਾ ਸ਼ਰਤਾਂ ਅਤੇ ਤਨਖਾਹਾਂ ਅਤੇ ਹੋਰ ਭੱਤੇ ਆਦਿ ਬੋਰਡ ਵੱਲੋਂ ਸਰਕਾਰ ਦੀ ਮੰਨਜ਼ੂਰੀ ਨਾਲ ਰੈਗੂਲੇਸ਼ਨਜ਼ ਬਣਾ ਕੇ ਤੈਅ ਕੀਤੀਆਂ ਜਾਣੀਆਂ ਹਨ ਜਿਸ ਲਈ ਬੋਰਡ ਦੇ ਸਕੱਤਰ ਨੂੰ ਆਪਣੀ ਪ੍ਰਧਾਨਗੀ ਹੇਠ ਇੱਕ ਤਿੰਨ ਮੈਂਬਰੀ ਕਮੇਟੀ ਗਠਿਤ ਕਰਨ ਲਈ ਅਧਿਕਾਰਤ ਕਰਨਾ ਪ੍ਰਵਾਨ ਕੀਤਾ ਅਤੇ ਹਦਾਇਤ ਕੀਤੀ ਕਿ ਬਣਾਈ ਗਈ ਕਮੇਟੀ ਵਲੋਂ ਆਪਣੀ ਰਪੋਟ ਬੋਰਡ ਦੇ ਚੇਅਰਮੈਨ ਨੂੰ ਦੋ ਮਹੀਨੇ ਦੇ ਅੰਦਰ-ਅੰਦਰ ਸੌਂਪੇਗੀ।

(21)

ਬੋਰਡ ਮੈਂਬਰਾਂ ਨੇ ਇਹ ਵੀ ਪ੍ਰਵਾਨ ਕੀਤਾ ਕਿ ਠੇਕੇ ਤੇ ਉਪਰੋਕਤ ਨਿਯੁਕਤੀਆਂ ਆਰਜ਼ੀ ਤੌਰ ਤੇ ਉਸ ਸਮੇਂ ਤੀਕ ਕੀਤੀਆਂ ਜਾਣਗੀਆਂ ਜਦ ਤਕ ਕਿ ਬੋਰਡ ਦੇ ਵੱਖਰੇ ਰੈਗੂਲੇਸ਼ਨ ਲਾਗੂ ਨਹੀਂ ਹੋ ਜਾਂਦੇ ਅਤੇ ਰੈਗੂਲੇਸ਼ਨ ਅਨੁਸਾਰ ਬੋਰਡ ਦੇ ਰੱਖੇ ਜਾਣ ਵਾਲੇ ਕਰਮਚਾਰੀਆਂ ਦੀਆਂ ਤਨਖਾਹਾਂ ਅਤੇ ਭੱਤੇ ਨਿਯਤ ਨਹੀਂ ਕਰ ਦਿੱਤੇ ਜਾਂਦੇ।

ਰੱਖੇ ਜਾਣ ਵਾਲੇ ਸਟਾਫ ਬਾਰੇ ਬੋਰਡ ਦੇ ਮੈਂਬਰਾਂ ਨੇ ਇਹ ਵੀ ਫੈਸਲਾ ਕੀਤਾ ਕਿ ਉਪਰੋਕਤ ਠੇਕੇ ਤੇ ਰੱਖੇ ਜਾਣ ਵਾਲੇ ਸਟਾਫ ਦੀ ਕੋਈ ਉਮਰ ਸੀਮਾ ਤੈਅ ਨਹੀਂ ਹੋਵੇਗੀ। ਜੂਨੀਅਰ ਸਕੇਲ ਸਟੈਨੋਗ੍ਰਾਫਰ ਅਤੇ ਸਟੈਨੋਟਾਈਪਿਸਟ ਨੂੰ ਬੋਰਡ ਵੱਲੋਂ ਯੋਗ ਟੈਸਟ ਲੈਕੇ ਰੱਖਣ ਬਾਰੇ ਵੀ ਫੈਸਲਾ ਲਿਆ ਗਿਆ।

**ਆਈਟਮ ਨੰ: 5:** **ਬੋਰਡ ਦੇ ਸਾਜੋ-ਸਮਾਨ (Infrastructure) ਬਾਰੇ।**

ਚੇਅਰਮੈਨ ਜੀ ਨੇ ਤਜਵੀਜ਼ ਕੀਤੇ ਸਮਾਨ ਦੀ ਲਿਸਟ ਦੇਖਣ ਉਪਰੰਤ ਇਹ ਕਿਹਾ ਕਿ ਬੋਰਡ ਦਾ ਕੰਮ ਸੁਚਾਰੂ ਢੰਗ ਨਾਲ ਚਲਾਉਣ ਅਤੇ ਪਬਲਿਕ ਦੀਆਂ ਜ਼ਰੂਰਤਾਂ ਨੂੰ ਮੁੱਖ ਰੱਖਦੇ ਹੋਏ ਇਹ ਸਮਾਨ ਘੱਟ ਹੈ। ਇਸ ਲਈ ਉਨ੍ਹਾਂ ਨੇ ਪਬਲਿਕ ਦੀਆਂ ਜ਼ਰੂਰਤਾਂ ਨੂੰ ਮੁੱਖ ਰੱਖਦੇ ਹੋਏ ਸਦਰ ਦਫ਼ਤਰ ਅਤੇ ਫੀਲਡ ਦਫ਼ਤਰਾਂ ਲਈ ਇਸ ਮੱਦ ਅਧੀਨ (ੳ) ਅਤੇ (ਅ) ਤੇ ਦਰਸਾਇਆ ਗਿਆ ਸਾਜੋ-ਸਮਾਨ ਖਰੀਦਣ ਦੀ ਮੈਂਬਰਾਂ ਵੱਲੋਂ ਪ੍ਰਵਾਨਗੀ ਦੇ ਦਿੱਤੀ ਗਈ। ਇਸ ਸਬੰਧ ਵਿੱਚ ਪ੍ਰਮੁੱਖ ਸਕੱਤਰ ਕਿਰਤ ਜੀ ਨੇ ਜ਼ੋਰ ਦੇ ਕੇ ਕਿਹਾ ਕਿ ਬੋਰਡ ਲਈ ਜੋ ਵੀ ਸਾਜੋ-ਸਮਾਨ ਖਰੀਦਣਾ ਹੈ, ਉਹ ਉੱਤਮ ਕਿਸਮ ਦਾ ਹੋਣਾ ਚਾਹੀਦਾ ਹੈ।

ਇਸ ਤੋਂ ਇਲਾਵਾ ਸ੍ਰੀ ਇੰਦਰੇਸ਼ ਮੋਹਨ ਰਿੰਦੂਜਾ ਮੈਂਬਰ ਵੱਲੋਂ ਬੋਰਡ ਦੇ ਕੰਮ ਨੂੰ ਚਲਾਉਣ ਲਈ ਹਰ ਦਫ਼ਤਰ ਲਈ ਇੱਕ ਫੋਟੋਸਟੇਟ ਮਸ਼ੀਨ ਖਰੀਦਣ ਦਾ ਪ੍ਰਸਤਾਵ ਵੀ ਪੇਸ਼ ਕੀਤਾ ਗਿਆ, ਜਿਸ ਨੂੰ ਸਰਬਸੰਮਤੀ ਨਾਲ ਸਵੀਕਾਰ ਕਰ ਲਿਆ ਗਿਆ ।

**(ੳ) ਸਦਰ ਦਫਤਰ ਲਈ**

| | |
|---|---|
| 1)ਕੰਪਿਊਟਰ (3) ਲੈਪ ਟਾਪ (3) | 6 |
| 2) ਪ੍ਰਿੰਟਰ | 3 |
| 3) ਫੈਕਸ | 3 |
| 4) ਫੋਟੋਸਟੇਟ ਮਸ਼ੀਨ | 2 |
| 5) ਟੈਲੀਫੋਨ + ਇੰਟਰਨੈਟ | 3 |
| 6) ਆਫੀਸਰਜ਼ ਚੇਅਰ | 10 |

(22)

| | |
|---|---|
| 7) ਸਧਾਰਨ ਕੁਰਸੀਆਂ | 30 |
| 8) ਟੇਬਲ (ਆਫਿਸ) | 6 |
| 9) ਟੇਬਲ (ਕੰਪਿਊਟਰ) | 6 |
| 10) ਅਲਮਾਰੀਆਂ | 10 |
| 11) ਵਾਟਰ ਕੂਲਰ | 2 |
| 12) ਡੈਜਰਟ ਕੂਲਰ | 5 |
| 13) ਸਟੇਸ਼ਨਰੀ ਆਦਿ | ਲੋੜ ਅਨੁਸਾਰ |

(ਅ) ਫੀਲਡ ਦਫਤਰ ਲਈ

| | |
|---|---|
| 1)ਕੰਪਿਊਟਰ | 23 |
| 2) ਪ੍ਰਿੰਟਰ | 23 |
| 3) ਫੈਕਸ | 23 |
| 4) ਫੋਟੋਸਟੇਟ ਮਸ਼ੀਨ | 23 |
| 5) ਟੈਲੀਫੋਨ + ਇੰਟਰਨੈਟ | 23 |
| 6) ਆਫੀਸਰਜ਼ ਚੇਅਰ | 23 |
| 7) ਸਧਾਰਨ ਕੁਰਸੀਆਂ | 150 |
| 8) ਟੇਬਲ (ਆਫਿਸ) | 23 |
| 9) ਟੇਬਲ (ਕੰਪਿਊਟਰ) | 23 |
| 10) ਅਲਮਾਰੀਆਂ | 23 |
| 11) ਸਟੇਸ਼ਨਰੀ ਆਦਿ | ਲੋੜ ਅਨੁਸਾਰ |

**ਆਈਟਮ ਨੰ: 6: ਸਾਫਟਵੇਅਰ ਬਨਾਉਣ ਬਾਰੇ ਅਤੇ ਉਸਾਰੀ ਕਿਰਤੀਆਂ ਦੇ ਕੰਪਿਊਟਰਾਈਜ਼ਡ ਸ਼ਨਾਖਤੀ ਕਾਰਡ ਬਨਾਉਣ ਬਾਰੇ।**

ਮੈਂਬਰ ਸਕੱਤਰ ਜੀ ਨੇ ਬੋਰਡ ਦੇ ਮੈਂਬਰਾਂ ਦੇ ਧਿਆਨ ਵਿੱਚ ਲਿਆਂਦਾ ਕਿ ਸਾਲ ਭਰ ਵਿਚ ਤਕਰੀਬਨ 20-25 ਕਰੋੜ ਰੁਪਏ ਬਤੌਰ ਸੈਸ ਇੱਕਤਰ ਹੋਣ ਦਾ ਅਨੁਮਾਨ ਹੈ । ਰਾਜ ਭਰ ਵਿੱਚ ਤਕਰੀਬਨ 3-4

23

ਲੱਖ ਉਸਾਰੀ ਕਿਰਤੀ ਬੋਰਡ ਦੇ ਲਾਭਪਾਤਰੀਆਂ ਵਜੋਂ ਪੰਜੀਕ੍ਰਿਤ ਕੀਤੇ ਜਾਣੇ ਹਨ । ਹਰ ਲਾਭਪਾਤਰੀ ਨੇ ਰਜਿਸਟਰੇਸ਼ਨ ਫੀਸ ਦੇਣ ਤੋਂ ਇਲਾਵਾ ਮਹੀਨਾਵਾਰ ਯੋਗਦਾਨ ਰਾਸ਼ੀ ਵੀ ਅਦਾ ਕਰਨੀ ਹੈ ਅਤੇ ਉਨ੍ਹਾਂ ਨੂੰ ਸਕੀਮਾਂ ਦਾ ਲਾਭ ਵੀ ਦੇਣਾ ਹੈ। ਇੰਨੇ ਕਿਰਤੀਆਂ ਬਾਰੇ ਵੱਖ-ਵੱਖ ਹਿਸਾਬ ਰੱਖਿਆ ਜਾਣਾ ਹੈ ਅਤੇ ਇਹ ਸਾਰੇ ਕੰਮ ਨੂੰ ਰਾਜ ਭਰ ਵਿੱਚ ਸੁਚਾਰੂ ਰੂਪ ਨਾਲ ਤਾਂ ਹੀ ਚਲਾਇਆ ਜਾ ਸਕਦਾ ਹੈ ਜੇਕਰ ਇਸ ਸਬੰਧੀ ਸਾਰੇ ਅੰਕੜੇ ਇਕ ਸਾਫਟਵੇਅਰ ਰਾਹੀਂ ਇੱਕਤਰ ਕਰਕੇ ਇਸਤੇਮਾਲ ਕੀਤੇ ਜਾਣ ਜਿਸ ਨੂੰ ਬੋਰਡ ਦੇ ਸਦਰ ਦਫਤਰ ਤੋਂ ਲੈ ਕੇ ਇੰਸਪੈਕਟਰ ਦੇ ਦਫਤਰ ਤੱਕ ਇਕਸਾਰਤਾ ਨਾਲ ਚਲਾਇਆ ਜਾ ਸਕੇ। ਕਿਉਂ ਜੋ ਅਜਿਹਾ ਕੋਈ ਸਾਫਟਵੇਅਰ ਅਜੇ ਬਜ਼ਾਰ ਵਿਚ ਖਰੀਦ ਲਈ ਉਪਲਬਧ ਨਹੀਂ ਹੈ ਜਿਸ ਦਾ ਬੋਰਡ ਉਕਤ ਢੰਗ ਨਾਲ ਉਪਯੋਗ ਕਰ ਸਕੇ, ਇਸ ਲਈ ਇਹ ਸਾਫਟਵੇਅਰ ਬਜ਼ਾਰੋਂ ਬਨਵਾਉਣ ਦਾ ਪ੍ਰਸਤਾਵ ਦਿੱਤਾ ਗਿਆ, ਜਿਸ ਤੇ ਬੋਰਡ ਮੈਂਬਰਾਂ ਨੇ ਸਰਵ ਸੰਮਤੀ ਨਾਲ ਸਹਿਮਤੀ ਪ੍ਰਗਟ ਕੀਤੀ ਅਤੇ ਇਸ ਕਮੇਟੀ ਤੇ ਡਾਇਰੈਕਟਰ ਇਨਫਰਮੇਸ਼ਨ ਤਕਨਾਲਜੀ ਜਾਂ ਉਸ ਦਾ ਨੁਮਾਇੰਦਾ ਲੈਣ ਦਾ ਵੀ ਫੈਸਲਾ ਕੀਤਾ ਗਿਆ।

ਉਸਾਰੀ ਕਿਰਤੀਆਂ ਨੂੰ ਸ਼ਨਾਖਤੀ ਕਾਰਡ ਦੇਣ ਬਾਬਤ ਬੋਰਡ ਮੈਂਬਰਾਂ ਦੇ ਵਿਚਾਰ ਅਨੁਸਾਰ ਲਾਭਪਾਤਰੀਆਂ ਨੂੰ ਆਰ.ਐਸ.ਬੀ.ਵਾਈ. ਸਕੀਮ ਅਧੀਨ ਜਾਰੀ ਹੋਣ ਵਾਲੇ ਕੰਪਿਊਟਰਾਈਜ਼ਡ ਸਮਾਰਟ ਕਾਰਡ ਨੂੰ ਹੀ ਬਤੌਰ ਸ਼ਨਾਖਤੀ ਕਾਰਡ ਇਸਤੇਮਾਲ ਕੀਤਾ ਜਾ ਸਕਦਾ ਹੈ। ਇਸ ਵਾਸਤੇ ਵੱਖਰੇ ਸ਼ਨਾਖਤੀ ਕਾਰਡ ਜਾਰੀ ਕਰਨ ਦੀ ਜ਼ਰੂਰਤ ਨਹੀਂ ਹੈ।

**ਆਈਟਮ ਨੰ: 7: ਬੋਰਡ ਦਾ ਅਕਾਊਂਟ ਆਪਰੇਟ ਕਰਨ ਬਾਰੇ।**

ਮੈਂਬਰ ਸਕੱਤਰ ਨੇ ਬੋਰਡ ਮੈਂਬਰਾਂ ਦੇ ਧਿਆਨ ਵਿੱਚ ਲਿਆਂਦਾ ਕਿ ਬੋਰਡ ਦਾ ਮੌਜੂਦਾ ਖਾਤਾ ਪੰਜਾਬ ਨੈਸ਼ਨਲ ਬੈਂਕ, ਸੈਕਟਰ-20, ਚੰਡੀਗੜ੍ਹ ਵਿਖੇ ਖੋਲਿਆ ਗਿਆ ਹੈ, ਉਸ ਵਿਚ ਫਿਲਹਾਲ ਸੈਸ ਵਜੋਂ ਪ੍ਰਾਪਤ ਹੋ ਰਹੇ ਚੈਕ/ਡਰਾਫਟ ਹੀ ਜਮਾਂ ਕਰਵਾਏ ਜਾ ਰਹੇ ਹਨ ਅਤੇ ਅਜੇ ਤਕ ਇਸ ਖਾਤੇ ਵਿਚੋਂ ਕੋਈ ਵੀ ਰਕਮ ਕੱਢਵਾਈ ਨਹੀਂ ਗਈ ਹੈ ਅਤੇ ਨਾ ਹੀ ਰਕਮ ਕਢਵਾਉਣ ਲਈ ਕੋਈ ਵਿਅਕਤੀ ਅਧਿਕਾਰਤ ਹੈ । ਬੋਰਡ ਦੇ ਖਾਤੇ ਵਿਚੋਂ ਲਾਭਪਾਤਰੀਆਂ ਲਈ ਸਕੀਮਾਂ ਉਤੇ ਆਉਣ ਵਾਲੇ ਖਰਚੇ ਲਈ ਅਤੇ ਬੋਰਡ ਦੇ ਪ੍ਰਬੰਧਕੀ ਖਰਚਿਆ ਲਈ ਬੋਰਡ ਦੇ ਸਕੱਤਰ ਨੂੰ ਹੀ ਬੈਂਕ ਖਾਤਾ ਆਪਰੇਟ ਕਰਨ ਲਈ ਅਧਿਕਾਰਤ ਕਰਨ ਦਾ ਪ੍ਰਸਤਾਵ ਰੱਖਿਆ, ਜਿਸ ਨੂੰ ਬੋਰਡ ਮੈਂਬਰਾਂ ਨੇ ਸਰਬਸੰਮਤੀ ਨਾਲ ਪ੍ਰਵਾਨ ਕਰ ਲਿਆ।

ਬੋਰਡ ਮੈਂਬਰਾਂ ਨੇ ਇਹ ਵੀ ਮਹਿਸੂਸ ਕੀਤਾ ਕਿ ਬੋਰਡ ਦੇ ਰੋਜ਼ਮਰਰਾ ਦੇ ਖਰਚੇ ਕਰਨ ਲਈ ਬੋਰਡ ਦੇ ਸਕੱਤਰ ਨੂੰ ਮੁਕੰਮਲ ਵਿੱਤੀ ਪਾਵਰਾਂ ਦਿੱਤੀਆਂ ਜਾਣ ਤਾਂ ਜੋ ਬੋਰਡ ਦਾ ਵਿੱਤੀ ਕੰਮ ਬਿਨਾ ਕਿਸੇ ਰੋਕ ਟੋਕ ਦੇ ਸੁਚਾਰੂ ਢੰਗ ਨਾਲ ਚਲਾਇਆ ਜਾ ਸਕੇ। ਇਸ ਮੰਤਵ ਵਾਸਤੇ ਉਨ੍ਹਾਂ ਨੇ ਬੋਰਡ ਦੇ ਸਕੱਤਰ ਨੂੰ ਬੋਰਡ ਵੱਲੋਂ ਸਮੇਂ-ਸਮੇਂ ਤੇ ਪ੍ਰਵਾਨਤ ਨਾਰਮ ਦੇ ਮੁਤਾਬਿਕ ਪੂਰੀ ਤਰ੍ਹਾਂ ਅਧਿਕਾਰਤ ਕੀਤਾ।

ਬੋਰਡ ਮੈਂਬਰਾਂ ਨੇ ਇਹ ਵੀ ਮਹਿਸੂਸ ਕੀਤਾ ਕਿ ਕੁਝ ਖਾਸ ਘਟਨਾਵਾਂ ਜਿਵੇਂ ਕਿ ਕੋਈ ਹਾਦਸਾ ਆਦਿ ਜਿਥੇ ਤੁਰੰਤ ਰਾਹਤ ਦੇਣ ਦੀ ਜ਼ਰੂਰਤ ਮਹਿਸੂਸ ਹੁੰਦੀ ਹੈ ਵਾਸਤੇ ਇਕ ਕਾਰਪਸ ਅਮਾਊਂਟ ਰੱਖੀ ਜਾਣੀ

ਚਾਹੀਦੀ ਹੈ ਜਿਸ ਵਿੱਚ ਬੋਰਡ ਦੇ ਚੇਅਰਮੈਨ ਜੀ ਕੋਲ 5 ਲੱਖ ਰੁਪਏ ਅਤੇ ਸਕੱਤਰ ਕੋਲ 3 ਲੱਖ ਰੁਪਏ ਤੱਕ ਦਾ ਅਧਿਕਾਰ ਦਿੱਤਾ ਜਾਣਾ ਚਾਹੀਦਾ ਹੈ। ਇਸ ਨੂੰ ਬੋਰਡ ਦੇ ਮੈਂਬਰਾਂ ਨੇ ਸਰਬ-ਸੰਮਤੀ ਨਾਲ ਸਹਿਮਤੀ ਦੇ ਦਿੱਤੀ। ਪ੍ਰਮੁੱਖ ਸਕੱਤਰ ਜੀ ਨੇ ਕਿਹਾ ਕਿ ਇਸ ਸਬੰਧੀ ਗਾਈਡ ਲਾਈਨਜ਼ ਤਿਆਰ ਕਰ ਲਈਆ ਜਾਣ ਕਿ ਇਹ ਫੰਡ ਕਿਹੜੇ-ਕਿਹੜੇ ਕੰਮਾਂ/ਘਟਨਾਵਾਂ ਉਤੇ ਖਰਚਿਆ ਜਾਵੇਗਾ।

**ਆਈਟਮ ਨੰ:8 ਕਿਰਤੀਆਂ ਨੂੰ ਬਤੌਰ ਲਾਭਪਾਤਰੀ ਰਜਿਸਟਰ ਕਰਨ ਲਈ ਅਤੇ ਉਸਾਰੀ ਕਿਰਤੀਆਂ ਦੀ ਭਲਾਈ ਲਈ ਜ਼ਿਲਾ ਅਤੇ ਤਹਿਸੀਲ ਪੱਧਰ ਤੇ ਭਲਾਈ ਸਕੀਮਾਂ ਚਲਾਉਣ ਲਈ ਕਿਰਤ ਵਿਭਾਗ ਦੇ ਅਧਿਕਾਰੀਆਂ ਨੂੰ ਅਧਿਕਾਰਤ ਕਰਨ ਬਾਰੇ।**

ਮੈਂਬਰ ਸਕੱਤਰ ਨੇ ਬੋਰਡ ਮੈਂਬਰਾਂ ਦੇ ਧਿਆਨ ਵਿੱਚ ਲਿਆਂਦਾ ਕਿ ਇਸ ਐਕਟ ਦਾ ਮੁੱਖ ਮੰਤਵ ਉਸਾਰੀ ਕਿਰਤੀਆਂ ਦੇ ਲਈ ਭਲਾਈ ਸਕੀਮਾਂ ਚਲਾਉਣਾ ਹੈ ਅਤੇ ਮੇਨ ਐਕਟ ਦੀ ਧਾਰਾ-12 ਅਧੀਨ ਕਿਰਤੀਆਂ ਨੇ ਬੋਰਡ ਦੇ ਲਾਭਪਾਤਰੀ ਬਣਨ ਲਈ ਨਿਰਧਾਰਤ ਪ੍ਰੋਫਾਰਮੇ ਵਿਚ ਬੋਰਡ ਵਲੋਂ ਅਧਿਕਾਰਤ ਵਿਅਕਤੀਆਂ ਪਾਸ ਅਰਜ਼ੀ ਦੇਣੀ ਹੁੰਦੀ ਹੈ। ਇਸ ਮੰਤਵ ਲਈ ਉਨ੍ਹਾਂ ਨੇ ਵਿਭਾਗ ਦੇ ਕਿਰਤ ਇੰਸਪੈਕਟਰਾਂ, ਕਿਰਤ ਤੇ ਸੁਲਾਹ ਅਫਸਰਾਂ ਅਤੇ ਸਹਾਇਕ ਕਿਰਤ ਕਮਿਸ਼ਨਰਾਂ ਨੂੰ ਆਪਣੇ-ਆਪਣੇ ਹਲਕੇ ਲਈ ਕਿਰਤੀਆਂ ਪਾਸੋਂ ਲਾਭਪਾਤਰੀ ਬਣਨ ਦੀਆਂ ਅਰਜ਼ੀਆਂ ਪ੍ਰਾਪਤ ਕਰਨ ਲਈ ਅਧਿਕਾਰਤ ਕਰਨ ਦਾ ਪ੍ਰਸਤਾਵ ਰੱਖਿਆ ਜਿਸ ਦੀ ਬੋਰਡ ਦੇ ਸਾਰੇ ਮੈਂਬਰਾਂ ਨੇ ਸਰਬਸੰਮਤੀ ਨਾਲ ਪ੍ਰਵਾਨਗੀ ਦੇ ਦਿੱਤੀ। ਇਸ ਤੋਂ ਇਲਾਵਾ ਇੰਨ੍ਹਾਂ ਅਧਿਕਾਰੀਆਂ ਨੂੰ ਆਪਣੇ ਆਪਣੇ ਹਲਕੇ ਵਿੱਚ ਬੋਰਡ ਵਲੋਂ ਚਲਾਈਆਂ ਜਾਣ ਵਾਲੀਆਂ ਭਲਾਈ ਸਕੀਮਾਂ ਲਾਗੂ ਕਰਨ ਲਈ ਵੀ ਅਧਿਕਾਰਿਤ ਕੀਤਾ। ਬੋਰਡ ਵੱਲੋਂ ਇਹ ਵੀ ਪ੍ਰਵਾਨ ਕੀਤਾ ਗਿਆ ਕਿ ਉਕਤ ਮੰਤਵ ਲਈ ਸਰਕਾਰ ਨੂੰ ਪ੍ਰਵਾਨਗੀ ਦੇਣ ਲਈ ਲਿਖਿਆ ਜਾਵੇ।

**ਆਈਟਮ ਨੰ: 9:ਕਿਰਤੀਆਂ ਪਾਸੋਂ ਰਜਿਸਟਰੇਸ਼ਨ ਫੀਸ ਅਤੇ ਮਾਸਕ ਯੋਗਦਾਨ ਇਕੱਤਰ ਕਰਨ ਲਈ ਵੱਖਰਾ ਬੈਂਕ ਖਾਤਾ ਖੋਲਣ ਬਾਰੇ।**

ਮੈਂਬਰ ਸਕੱਤਰ ਨੇ ਐਕਟ ਦੀ ਧਾਰਾ 24 ਵੱਲ ਬੋਰਡ ਮੈਂਬਰਾਂ ਦਾ ਧਿਆਨ ਦੁਆਉਂਦੇ ਹੋਏ ਦੱਸਿਆ ਕਿ ਇਸ ਅਨੁਸਾਰ ਬੋਰਡ ਦਾ ਵੈਲਫੇਅਰ ਫੰਡ; ਸੈਸ ਵੱਜੋਂ ਇਕੱਤਰ ਕੀਤੀ ਗਈ ਰਕਮ, ਕਿਰਤੀਆਂ ਵਲੋਂ ਲਾਭਪਾਤਰੀ-ਮੈਂਬਰ ਬਣਨ ਲਈ ਜਮ੍ਹਾਂ ਕਰਵਾਈ ਗਈ ਰਜਿਸਟ੍ਰੇਸ਼ਨ ਫੀਸ ਅਤੇ ਉਨ੍ਹਾਂ ਵਲੋਂ ਦਿੱਤੀ ਜਾਣ ਵਾਲੀ ਮਹੀਨਾਵਾਰ ਯੋਗਦਾਨ ਰਾਸ਼ੀ ਨਾਲ ਬਨਣਾ ਹੈ । ਇਸ ਸਮੇਂ ਬੋਰਡ ਪਾਸ ਜੋ ਖਾਤਾ ਚਲ ਰਿਹਾ ਹੈ ਉਸ ਵਿਚ ਪ੍ਰਬੰਧਕਾਂ ਪਾਸੋਂ ਸੈਸ ਵਸੂਲ ਕਰਕੇ ਖਾਤੇ ਵਿਚ ਜਮਾਂ ਕਰਵਾਇਆ ਜਾ ਰਿਹਾ ਹੈ ਇਸ ਨਾਲ ਸੈਸ ਦਾ ਹਿਸਾਬ ਠੀਕ ਰਹਿੰਦਾ ਹੈ ਪ੍ਰੰਤੂ ਜੇਕਰ ਕਿਰਤੀਆਂ ਵਲੋਂ ਦਿੱਤੀ ਜਾਣ ਵਾਲੀ ਰਜਿਸਟਰੇਸ਼ਨ ਫੀਸ ਅਤੇ ਦਿੱਤਾ ਜਾਣ ਵਾਲਾ ਮਾਸਕ ਯੋਗਦਾਨ ਵੀ ਇਸੇ ਖਾਤੇ ਵਿਚ ਜਮਾਂ ਹੁੰਦਾ ਹੈ ਤਾਂ ਇਸ ਦਾ ਹਿਸਾਬ ਲਗਾਉਣਾ ਮੁਸ਼ਕਲ ਹੋ ਜਾਵੇਗਾ ਕਿ ਕਿੰਨਾ ਫੰਡ ਬਤੌਰ ਸੈਸ ਇਕੱਤਰ ਕੀਤਾ ਗਿਆ ਹੈ ਅਤੇ ਕਿੰਨਾ ਫੰਡ ਲਾਭਪਾਤਰੀਆਂ ਮੈਂਬਰਾਂ ਵਲੋਂ ਆਇਆ ਹੈ। ਇਸ ਲਈ ਉਨ੍ਹਾਂ ਨੇ ਬੋਰਡ

ਮੈਂਬਰਾਂ ਅੱਗੇ ਪ੍ਰਸਤਾਵ ਰੱਖਿਆ ਕਿ ਕਿਰਤੀਆਂ ਦੀ ਰਜਿਸਟ੍ਰੇਸ਼ਨ ਫੀਸ ਅਤੇ ਉਨ੍ਹਾਂ ਵਲੋਂ ਦਿੱਤੇ ਜਾਣ ਵਾਲਾ ਮਾਸਕ ਯੋਗਦਾਨ ਜਮਾਂ ਕਰਵਾਉਣ ਲਈ ਇਕ ਵੱਖਰਾ ਬੈਂਕ ਖਾਤਾ ਖੋਲ੍ਹ ਲਿਆ ਜਾਣਾ ਉਚਿਤ ਹੋਵੇਗਾ, ਜਿਸ ਨੂੰ ਬੋਰਡ ਮੈਂਬਰਾਂ ਨੇ ਸਰਬਸੰਮਤੀ ਨਾਲ ਪ੍ਰਵਾਨਗੀ ਦੇ ਦਿੱਤੀ।

## ਆਈਟਮ ਨੰ:10: ਐਕਟ ਦੇ ਉਪਬੰਧਾਂ, ਨਿਯਮਾਂ ਅਤੇ ਕਿਰਤੀਆਂ ਦੀ ਭਲਾਈ ਲਈ ਚਲਾਈਆਂ ਜਾਣ ਵਾਲੀਆਂ ਸਕੀਮਾਂ ਦੀ ਜਾਣਕਾਰੀ ਹਿੱਤ ਪ੍ਰਚਾਰ ਕਰਨ ਬਾਰੇ।

ਮੈਂਬਰ ਸਕੱਤਰ ਨੇ ਬੋਰਡ ਮੈਂਬਰਾਂ ਦੇ ਧਿਆਨ ਵਿੱਚ ਲਿਆਂਦਾ ਕਿ ਉਸਾਰੀ ਕਿਰਤੀਆਂ ਨਾਲ ਸਬੰਧਤ ਕਾਨੂੰਨ ਭਾਵੇਂ ਭਾਰਤ ਸਰਕਾਰ ਵਲੋਂ ਸਾਲ 1996 ਵਿੱਚ ਬਣਾਏ ਗਏ ਸਨ ਪ੍ਰੰਤੂ ਰਾਜ ਸਰਕਾਰ ਵਲੋਂ ਐਕਟ ਅਧੀਨ ਨਿਯਮ ਸਾਲ 2008 ਦੌਰਾਨ ਅਧਿਸੂਚਿਤ ਕਰਨ ਉਪਰੰਤ ਹੀ ਇਨ੍ਹਾਂ ਐਕਟਾਂ ਦੀ ਪੂਰੀ ਤਰ੍ਹਾਂ ਪਾਲਣਾ ਆਰੰਭ ਕੀਤੀ ਗਈ ਹੈ ਅਤੇ ਕਿਰਤੀਆਂ, ਨਿਯੋਜਕਾਂ ਅਤੇ ਆਮ ਜਨਤਾ ਨੂੰ ਇਨ੍ਹਾਂ ਐਕਟਾਂ ਬਾਰੇ ਬਹੁਤੀ ਜਾਣਕਾਰੀ ਅਜੇ ਨਹੀਂ ਹੈ। ਇਸ ਮੰਤਵ ਲਈ ਐਕਟ ਦੇ ਉਪਬੰਧਾਂ, ਨਿਯਮਾਂ ਅਤੇ ਕਿਰਤੀਆਂ ਲਈ ਚਲਾਈਆਂ ਜਾਣ ਵਾਲੀਆਂ ਭਲਾਈ ਸਕੀਮਾਂ ਬਾਰੇ ਜਾਗਰੂਕਤਾ ਲਿਆਉਣੀ ਜਰੂਰੀ ਹੈ। ਇਹ ਜਾਗਰੂਕਤਾ ਪੈਂਫਲਟਸ, ਅਖਬਾਰੀ ਇਸ਼ਤਿਹਾਰਾਂ, ਰੇਡੀਓ ਅਤੇ ਟੈਲੀਵੀਜ਼ਨ ਰਾਹੀਂ ਪ੍ਰਚਾਰ ਅਤੇ ਉਸਾਰੀ ਕਿਰਤੀਆਂ ਦੀ ਰਿਹਾਇਸ਼/ਕੰਮ ਕਰਨ ਦੀਆਂ ਥਾਵਾਂ ਤੇ ਮੀਟਿੰਗਾਂ/ਸੈਮੀਨਾਰ ਆਦਿ ਦਾ ਆਯੋਜਨ ਕਰਕੇ ਹੀ ਲਿਆਈ ਜਾ ਸਕਦੀ ਹੈ। ਇਸ ਲਈ ਅਜਿਹਾ ਪ੍ਰਚਾਰ ਕਰਨ ਲਈ 2009-10 ਲਈ ਫਿਲਹਾਲ 25 ਲੱਖ ਰੁਪਏ ਖਰਚ ਕਰਨ ਦਾ ਪ੍ਰਸਤਾਵ ਰੱਖਿਆ ਜਿਸ ਨੂੰ ਬੋਰਡ ਮੈਂਬਰਾਂ ਨੇ ਸਰਬਸੰਮਤੀ ਨਾਲ ਪ੍ਰਵਾਨ ਕਰ ਲਿਆ। ਇਸ ਬਾਰੇ ਚੇਅਰਮੈਨ ਜੀ ਨੇ ਇਹ ਸੁਝਾਅ ਦਿੱਤਾ ਕਿ ਬੋਰਡ ਦੀ ਇਕ ਬੁਕਲੇਟ ਵੀ ਛਪਵਾਈ ਜਾਵੇ ਜਿਸ ਵਿੱਚ ਲਾਭਪਾਤਰੀਆਂ ਨੂੰ ਮਿਲਣ ਵਾਲੀਆਂ ਸਕੀਮਾਂ ਅਤੇ ਬੋਰਡ ਦੀਆਂ ਕਾਰਗੁਜ਼ਾਰੀਆਂ ਬਾਰੇ ਸੰਪੂਰਨ ਵੇਰਵੇ ਦਿੱਤੇ ਜਾਣ।

## ਆਈਟਮ ਨੰ: 11 : ਕਿਰਤੀਆਂ ਲਈ ਭਲਾਈ ਸਕੀਮਾਂ ਚਲਾਉਣ ਬਾਰੇ।

ਮੈਂਬਰ ਸਕੱਤਰ ਨੇ ਬੋਰਡ ਮੈਂਬਰਾਂ ਦੇ ਸਾਹਮਣੇ ਉਸਾਰੀ ਕਿਰਤੀਆਂ ਅਤੇ ਉਨ੍ਹਾਂ ਦੇ ਪਰਿਵਾਰਾਂ ਦੀ ਭਲਾਈ ਲਈ ਵੱਖ-ਵੱਖ ਸਕੀਮਾਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਦਿੱਤਾ ਅਤੇ ਦੱਸਿਆ ਕਿ ਲੜੀ ਨੰ: 1 ਅਤੇ 2 ਦੀਆਂ ਸਕੀਮਾਂ ਬੋਰਡ ਦੇ ਚੇਅਰਮੈਨ ਜੀ ਪਾਸੋਂ ਪਹਿਲਾਂ ਹੀ ਪ੍ਰਵਾਨ ਕੀਤੀਆਂ ਜਾ ਚੁੱਕੀਆਂ ਹਨ ਜਿੰਨ੍ਹਾਂ ਦੀ ਕਾਰਜ ਬਾਦ ਪ੍ਰਵਾਨਗੀ ਦੇਣ ਦਾ ਪ੍ਰਸਤਾਵ ਰੱਖਿਆ, ਜਿਸ ਨੂੰ ਬੋਰਡ ਮੈਂਬਰਾਂ ਨੇ ਸਰਬਸੰਮਤੀ ਨਾਲ ਪ੍ਰਵਾਨ ਕਰ ਲਿਆ। ਇਹ ਦੋ ਸਕੀਮਾਂ ਹੇਠ ਲਿਖੇ ਅਨੁਸਾਰ ਹਨ:-

1. ਲਾਭਪਾਤਰੀ ਉਸਾਰੀ ਕਿਰਤੀਆਂ ਅਤੇ ਉਨ੍ਹਾਂ ਦੇ ਪਰਿਵਾਰਾਂ ਲਈ ਜਨਸ੍ਰੀ ਬੀਮਾ ਯੋਜਨਾ ; ਅਤੇ
2. ਉਸਾਰੀ ਕਿਰਤੀਆਂ ਅਤੇ ਉਨ੍ਹਾਂ ਦੇ ਪਰਿਵਾਰਾਂ ਲਈ ਰਾਸ਼ਟਰੀਆ ਸਵਾਸਥ ਬੀਮਾ ਯੋਜਨਾ (RSBY)

ਬਾਕੀ ਸਕੀਮਾਂ ਬਾਰੇ ਮਾਨਯੋਗ ਚੇਅਰਮੈਨ ਜੀ ਨੇ ਪੰਜਾਬ ਲੇਬਰ ਵੈਲਫੇਅਰ ਬੋਰਡ ਵੱਲੋਂ ਚਲਾਈਆਂ ਜਾ ਰਹੀਆਂ

ਸਾਰੀਆਂ ਸਕੀਮਾਂ ਨੂੰ ਨਿਰਮਾਣ ਕਿਰਤੀਆਂ ਵਾਸਤੇ ਲਾਗੂ ਕਰਨ ਦਾ ਸੁਝਾਅ ਦਿੱਤਾ ਜਿਸ ਨੂੰ ਸਾਰੇ ਮੈਂਬਰਾਂ ਨੇ ਸਰਬ ਸੰਮਤੀ ਨਾਲ ਪ੍ਰਵਾਨਗੀ ਦੇ ਦਿੱਤੀ। ਇਸ ਤੋਂ ਇਲਾਵਾ ਬੋਰਡ ਨੇ ਇਨ੍ਹਾਂ ਸਕੀਮਾਂ ਨੂੰ ਸਿਧਾਤਕ ਤੌਰ ਤੇ ਪ੍ਰਵਾਨ ਕਰਦੇ ਹੋਏ ਇਹ ਫੈਸਲਾ ਕੀਤਾ ਕਿ ਇਨ੍ਹਾਂ ਸਕੀਮਾਂ ਦੇ ਸੰਪੂਰਨ ਵੇਰਵੇ ਤਿਆਰ ਕਰ ਲਏ ਜਾਣ। ਉਪਰੋਕਤ ਸਕੀਮਾਂ ਤੋਂ ਇਲਾਵਾ ਪ੍ਰਵਾਨ ਕੀਤੀਆਂ ਸਕੀਮਾਂ ਹੇਠ ਲਿਖੇ ਅਨੁਸਾਰ ਹਨ:-

1. ਇਸਤਰੀ ਲਾਭਪਾਤਰੀ ਦੀ ਆਪਣੀ ਜਾਂ ਬੇਟੀਆਂ ਦੀ ਸ਼ਾਦੀ ਲਈ 30,000/- ਰੁਪਏ ਤੱਕ ਦਾ ਬਿਨਾਂ ਵਿਆਜ਼ ਕਰਜ਼ਾ ਅਤੇ ਵਿੱਤੀ ਲਾਭ ਦੇਣ ਬਾਰੇ।
2. ਲਾਭਪਾਤਰੀ ਦੇ ਬੱਚਿਆਂ ਨੂੰ ਮੁਫ਼ਤ ਵਿੱਦਿਆ ਦੇਣ ਬਾਰੇ।
3. ਲਾਭਪਾਤਰੀਆਂ ਨੂੰ 60 ਸਾਲ ਦੀ ਉਮਰ ਪੂਰੀ ਹੋਣ ਤੇ ਪੈਨਸ਼ਨ ਦੀ ਅਦਾਇਗੀ ਕਰਨ ਬਾਰੇ।
4. ਲਾਭਪਾਤਰੀ ਦੇ ਜੀਵਨਸਾਥੀ (ਪਤਨੀ/ਪਤੀ) ਨੂੰ ਪੈਨਸ਼ਨ ਦੀ ਅਦਾਇਗੀ ਕਰਨ ਬਾਰੇ।
5. ਲਾਭਪਾਤਰੀ ਦੀ ਮੌਤ ਹੋਣ ਤੇ ਉਸਦੇ ਦਾਹ ਸੰਸਕਾਰ ਲਈ ਵਿੱਤੀ ਸਹਾਇਤਾ ਦੇਣ ਬਾਰੇ।
6. ਲਾਭਪਾਤਰੀ ਨੂੰ ਔਜ਼ਾਰ ਖਰੀਦਣ ਵਾਸਤੇ ਬਿਨਾਂ ਵਿਆਜ਼ ਕਰਜ਼ਾ ਦੇਣ ਬਾਰੇ।
7. ਲਾਭਪਾਤਰਾਂ ਨੂੰ ਇੱਕ ਬੱਚਾ ਅਤੇ ਦੋ ਬੱਚੇ ਦੇ ਨਾਰਮਾਂ ਮੁਤਾਬਿਕ ਪ੍ਰੀਵਾਰ ਨਿਯੋਜਨ ਅਡਾਪਟ ਕਰਨ ਬਾਰੇ ਇਨਸੈਂਟਿਵ ਦੇਣ ਬਾਰੇ।
8. ਜ਼ਿਲ੍ਹਿਆ ਵਿੱਚ ਕਿਰਤੀਆਂ ਲਈ ਸ਼ੈਲਟਰ ਸਕੀਮਾਂ ਬਾਰੇ।

ਉਕਤ ਸਕੀਮਾਂ ਨੂੰ ਵਿਸਥਾਰਪੂਰਵਕ ਬਨਾਉਣ ਲਈ ਬੋਰਡ ਦੇ ਸਕੱਤਰ ਨੂੰ ਆਪਣੀ ਪ੍ਰਧਾਨਗੀ ਹੇਠ ਇਕ ਤਿੰਨ ਮੈਂਬਰੀ ਕਮੇਟੀ ਗਠਿਤ ਕਰਨ ਲਈ ਅਧਿਕਾਰਤ ਕਰਨ ਦਾ ਪ੍ਰਸਤਾਵ ਦਿੱਤਾ ਗਿਆ ਜਿਸ ਤੇ ਬੋਰਡ ਮੈਂਬਰਾਂ ਨੇ ਸਰਬਸੰਮਤੀ ਨਾਲ ਸਹਿਮਤੀ ਦਿੰਦੇ ਹੋਏ ਕਿਹਾ ਕਿ ਇਹ ਕਮੇਟੀ ਇਕ ਮਹੀਨੇ ਦੇ ਅੰਦਰ-ਅੰਦਰ ਆਪਣੀ ਰਿਪੋਟ ਬੋਰਡ ਦੇ ਚੇਅਰਮੈਨ ਪਾਸ ਪੇਸ਼ ਕਰੇਗੀ ਅਤੇ ਸਰਬਸੰਮਤੀ ਨਾਲ ਇਹ ਵੀ ਪ੍ਰਵਾਨ ਕੀਤਾ ਕਿ ਬੋਰਡ ਵਲੋਂ ਪ੍ਰਵਾਨਤ ਸਕੀਮਾਂ ਰਜਿਸਟਰਡ ਲਾਭਪਾਤਰੀਆਂ ਦੀ ਗਿਣਤੀ ਅਤੇ ਉਪਲਬਧ ਵੈਲਫੇਅਰ ਫੰਡਾਂ ਨੂੰ ਧਿਆਨ ਵਿਚ ਰਖੱਦੇ ਹੋਏ ਚੇਅਰਮੈਨ ਜੀ ਦੀ ਮੰਜੂਰੀ ਨਾਲ ਵਾਰੀ-ਵਾਂਰੀ (in phases) ਵਿੱਚ ਲਾਗੂ ਕੀਤੀਆਂ ਜਾਣਗੀਆਂ।

**ਆਈਟਮ ਨੰ: 12**

**ਸਪਲੀਮੈਂਟਰੀ**

**ਆਈਟਮ ਨੰ:1** **ਬਿਲਡਿੰਗ ਐਂਡ ਅਦਰ ਕੰਸਟ੍ਰਕਸ਼ਨ ਵਰਕਰਜ਼ ਵੈਲਫੇਅਰ ਬੋਰਡ ਵੱਲੋਂ ਬਤੌਰ ਲਾਭਪਾਤਰੀ ਰਜਿਸਟਰਡ ਹੋਣ ਉਪਰੰਤ ਬੋਰਡ ਨੂੰ ਕੰਟ੍ਰੀਬਿਉਸ਼ਨ ਵਜੋਂ ਦਿੱਤੇ ਜਾਣ ਵਾਲੇ ਅੰਸ਼ਦਾਨ ਦੀ ਰਾਸ਼ੀ ਨਿਰਧਾਰਤ ਕਰਨ ਬਾਰੇ।**

ਮੈਂਬਰ ਸਕੱਤਰ ਜੀ ਨੇ ਬੋਰਡ ਮੈਂਬਰਾਂ ਦਾ ਧਿਆਨ ਬਿਲਡਿੰਗ ਐਂਡ ਅਦਰ ਕੰਸਟ੍ਰਕਸ਼ਨ ਵਰਕਰਜ਼ (ਰੈਗੂਲੇਸ਼ਨ ਆਫ ਇੰਪਲਾਈਮੈਂਟ ਐਂਡ ਕੰਡੀਸ਼ਨਜ਼ ਆਫ ਸਰਵਿਸ) ਐਕਟ 1996 ਦੀ ਧਾਰਾ 16(1) ਅਤੇ ਉਸ ਅਧੀਨ ਬਣੇ ਰੂਲ 261 ਵੱਲ ਦਿਵਾਇਆ ਜਿਸ ਅਨੁਸਾਰ ਲਾਭਪਾਤਰੀ ਉਸਾਰੀ ਕਿਰਤੀਆਂ ਵੱਲੋਂ ਉਸਾਰੀ ਕਿਰਤੀਆਂ ਦੇ ਫੰਡ ਵਿੱਚ ਸਰਕਾਰ ਦੁਆਰਾ ਸਮੇਂ-ਸਮੇਂ ਤੇ ਜਾਰੀ ਅਧਿਸੂਚਨਾ ਅਨੁਸਾਰ ਆਪਣਾ ਅੰਸ਼ਦਾਨ ਦੇਣਾ ਹੈ ਜਿਸ ਦੀ ਅਦਾਇਗੀ ਤਿੰਨ ਮਹੀਨਿਆਂ ਵਿਚ ਇਕ ਵਾਰੀ ਉਸ ਵੱਲੋਂ ਬੋਰਡ ਵੱਲੋਂ ਨਿਰਧਾਰ ਜ਼ਿਲ੍ਹੇ ਦੇ ਉਸ ਬੈਂਕ ਵਿਚ ਕੀਤੀ ਜਾਣੀ ਹੈ ਜਿਸ ਜ਼ਿਲੇ ਦਾ ਉਕਤ ਲਾਭਪਾਤਰੀ ਵਸਨੀਕ ਹੋਵੇ। ਕਿਰਤੀ ਵੱਲੋਂ ਉਕਤ ਅੰਸ਼ਦਾਨ ਦੀ ਰਕਮ ਦੀ ਕਟੌਤੀ ਸਬੰਧੀ ਉਸ ਦੀ ਮਾਸਕ ਉਜ਼ਰਤਾਂ ਵਿਚੋਂ ਨਿਯੋਜਕ ਦੁਆਰਾ ਕੱਟ ਕੇ 15 ਦਿਨਾ ਦੇ ਅੰਦਰ-ਅੰਦਰ ਬੋਰਡ ਨੂੰ ਭੇਜਣ ਲਈ ਅਧਿਕਾਰਤ ਕੀਤਾ ਜਾ ਸਕਦਾ ਹੈ। ਇਸ ਸਬੰਧ ਵਿਚ ਬੋਰਡ ਦੇ ਮੈਂਬਰਾਂ ਨੇ ਸਰਬ ਸੰਮਤੀ ਨਾਲ ਸਹਿਮਤੀ ਦਿੰਦੇ ਹੋਏ ਫੈਸਲਾ ਲਿਆ ਕਿ ਨਿਰਮਾਣ ਕਿਰਤੀਆਂ ਵੱਲੋਂ ਹਰ ਮਹੀਨੇ 10 ਰੁਪਏ ਬਤੌਰ ਅੰਸ਼ਦਾਨ ਰਾਸ਼ੀ ਬੋਰਡ ਕੋਲ ਜਮਾਂ ਕਰਵਾਈ ਜਾਵੇ ਅਤੇ ਇਸ ਸਬੰਧ ਵਿਚ ਸਰਕਾਰ ਕੋਲੋਂ ਲੋੜੀਦੀ ਅਧਿਸੂਚਨਾ ਵੀ ਜਾਰੀ ਕਰਵਾਈ ਜਾਵੇ।

Notification 14/12/09

ਸਪਲੀਮੈਂਟਰੀ

ਆਈਟਮ ਨੰ:2 **ਪੰਜਾਬ ਬਿਲਡਿੰਗ ਐਂਡ ਅਦਰ ਕੰਸਟਰੱਕਕਸ਼ਨ ਵਰਕਰਜ਼ (ਕੰਡੀਸ਼ਨਜ਼ ਆਫ ਸਰਵਿਸ ਐਂਡ ਰੈਗੂਲੇਸ਼ਨ ਆਫ ਇੰਪਲਾਈਮੈਂਟ) ਰੂਲਜ਼, 2008 ਅਨੁਸਾਰ ਮੀਟਿੰਗ ਵਿੱਚ ਭਾਗ ਲੈਣ ਵਾਲੇ ਮੈਂਬਰਾਂ ਨੂੰ ਫੀਸ ਅਤੇ ਅਲਾਊਂਸ ਦੇਣ ਬਾਰੇ।**

ਮੈਂਬਰ ਸਕੱਤਰ ਨੇ ਬੋਰਡ ਮੈਂਬਰਾਂ ਦੇ ਸਾਹਮਣੇ ਪੰਜਾਬ ਬਿਲਡਿੰਗ ਐਂਡ ਅਦਰ ਕੰਸਟਰੱਕਕਸ਼ਨ ਵਰਕਰਜ਼ (ਰੈਗੂਲੇਸ਼ਨ ਆਫ ਇੰਪਲਾਈਮੈਂਟ ਐਂਡ ਕੰਡੀਸ਼ਨਜ਼ ਆਫ ਸਰਵਿਸ) ਰੂਲਜ਼, 2008 ਦੇ ਰੂਲ 253 ਬਾਰੇ ਦੱਸਿਆ ਕਿ ਇਸ ਰੂਲ ਵਿੱਚ ਬੋਰਡ ਦੇ ਨਾਨ-ਆਫੀਸ਼ਲ ਮੈਂਬਰਾਂ ਨੂੰ ਬੋਰਡ ਵੱਲੋਂ ਨਿਰਧਾਰਤ ਫੀਸ ਅਤੇ ਅਲਾਊਂਸ ਦੇਣ ਦਾ ਉਪਬੰਧ ਹੈ। ਉਨ੍ਹਾਂ ਨੇ ਇਹ ਵੀ ਪ੍ਰਸਤਾਵ ਰੱਖਿਆ ਕਿ ਬੋਰਡ ਦੇ ਨਾਨ-ਆਫੀਸ਼ਲ ਮੈਂਬਰਾਂ ਨੂੰ ਪੰਜਾਬ ਸਰਕਾਰ ਦੇ ਗ੍ਰੇਡ-1 ਅਧਿਕਾਰੀਆਂ ਦੇ ਬਰਾਬਰ ਫੀਸ ਅਤੇ ਅਲਾਊਂਸ ਦਿੱਤਾ ਜਾਵੇ ਜਿਸ ਨੂੰ ਬੋਰਡ ਮੈਂਬਰਾਂ ਨੇ ਸਰਬਸੰਮਤੀ ਨਾਲ ਸਹਿਮਤੀ ਦੇ ਦਿੱਤੀ।

ਡਾ:ਐਨ.ਐਸ.ਟਿਵਾਣਾ ਜੋ ਕਿ ਪੰਜਾਬ ਸਟੇਟ ਕਾਊਂਸਲ ਫਾਰ ਸਇੰਸ ਐਂਡ ਤਕਨਾਲੋਜੀ ਦੇ ਪਹਿਲੇ ਡਾਇਰੈਕਟਰ ਰਹੇ ਹਨ, ਨੂੰ ਬਤੌਰ ਸੱਪੈਸ਼ਲ ਇੰਨਵਾਈਟੀ ਬੁਲਾਇਆ ਗਿਆ ਸੀ ਅਤੇ ਉਨ੍ਹਾਂ ਦੇ ਨਾਲ ਇਹ ਵਿਚਾਰ ਵਟਾਂਦਰਾ ਕੀਤਾ ਗਿਆ ਸੀ ਕਿ ਕੰਨਸਟਰਕਸ਼ਨ ਵਰਕਰਜ਼, ਸਕਿੱਲ ਡਿਵੈਲਪਮੈਂਟ, ਟੂਲ ਇੰਪਰੂਵਮੈਂਟ ਅਤੇ ਪੁਰਾਣੀਆਂ ਕੰਨਸਟਰਕਸ਼ਨ ਟੈਕਨਾਲੋਜੀ ਨੂੰ ਰਿਵਾਇਜ਼ ਕਰਨ ਲਈ **R & D Scheme** ਬਣਾਈ ਜਾਵੇ ਤਾਂ ਕਿ ਕੰਨਸਟਰਕਸ਼ਨ ਵਰਕਰਜ਼ ਨੂੰ ਅਪ-ਟੂ-ਡੇਟ ਟਰੇਨਿੰਗ ਦੇਣ ਦਾ ਇੰਤਜਾਮ ਕੀਤਾ ਜਾ ਸਕੇ। ਇਹ ਵੀ ਫੈਸਲਾ ਕੀਤਾ ਗਿਆ ਕਿ ਪੰਜਾਬ ਸਟੇਟ ਕਾਊਂਸਲ ਫਾਰ ਸਾਇੰਸ ਐਂਡ ਤਕਨਾਲੋਜੀ ਨੂੰ ਬਤੌਰ **Nodal**

Agency ਐਸੋਸੀਏਟ ਕੀਤਾ ਜਾਵੇ। ਪੰਜਾਬ ਸਟੇਟ ਕਾਉਂਸਲ ਫਾਰ ਸਾਇੰਸ ਐਂਡ ਤਕਨਾਲੋਜੀ ਵੱਲੋਂ ਪੂਰਵ ਡਾਇਰੈਕਟਰ ਸ੍ਰੀ ਐਨ.ਐਸ.ਟਿਵਾਣਾ ਦੀ ਸਹਾਇਤਾ ਦੇ ਨਾਲ ਇਸ ਸਬੰਧੀ ਸਕੀਮ ਤਿਆਰ ਕੀਤੀ ਜਾਵੇ। ਪ੍ਰਬੰਧਕੀ ਸਕੱਤਰ ਕਿਰਤ ਦੇ ਰਾਹੀਂ ਚਅਰਮੈਨ ਪੰਜਾਬ ਬਿਲਡਿੰਗ ਐਂਡ ਅਦਰ ਕੰਸਟਰਕਸ਼ਨ ਵਰਕਜ਼ ਵੈਲਫੇਅਰ ਬੋਰਡ ਨੂੰ ਸੌਂਪਣ ਤੋਂ ਬਾਅਦ ਵਿੱਚਾਰਨ ਉਪਰੰਤ ਬੋਰਡ ਵਿੱਚ ਪ੍ਰਵਾਨਗੀ ਦਿੱਤੀ ਜਾਵੇ। ਇਸ ਤਰ੍ਹਾਂ ਇਹ ਵੀ ਫੈਸਲਾ ਕੀਤਾ ਗਿਆ ਕਿ ਬਾਹਰਲੇ ਮੁਲਕਾਂ ਦੀਂ ਤਰ੍ਹਾਂ ਸਾਡੇ ਦੇਸ਼ ਵਿੱਚ ਕੰਮ ਕਰਨ ਵਾਲੇ ਵਰਕਰਜ਼ ਅਤੇ ਟੈਕਨੀਸ਼ੀਅਨਜ਼ ਨੂੰ ਪੂਰੀ ਤਰ੍ਹਾਂ ਲੈਸ ਕਰਨ ਲਈ ਚੰਗੀਆਂ ਕਿਸਤ ਦੀਆਂ ਵਰਦੀਆਂ ਅਤੇ ਔਜਾਰਾਂ ਬਾਰੇ ਵੀ ਪੰਜਾਬ ਸਟੇਟ ਕਾਉਂਸਲ ਫਾਰ ਸਾਇੰਸ ਐਂਡ ਤਕਨਾਲੋਜੀ ਦੇ ਪੂਰਵ ਡਾਇਰੈਕਟਰ ਸ੍ਰੀ ਐਨ.ਐਸ.ਟਿਵਾਣਾ ਦੇ ਨਾਲ ਵਿਚਾਰ ਵਟਾਂਦਰਾ ਕਰਕੇ ਤਜਵੀਜ਼ ਤਿਆਰ ਕਰਕੇ ਬੋਰਡ ਨੂੰ ਪੇਸ਼ ਕਰਨਗੇ।

ਮੀਟਿੰਗ ਦੇ ਅੰਤ ਵਿਚ ਮੈਂਬਰ ਸਕੱਤਰ ਨੇਂ ਮਾਨਯੋਗ ਚੇਅਰਮੈਨ, ਪ੍ਰਮੁੱਖ ਸਕੱਤਰ ਕਿਰਤ, ਬੋਰਡ ਦੇ ਹਾਜਰ ਮੈਬਰਾਂ ਅਤੇ ਸਪੈਸ਼ਲ ਇੰਨਵਾਈਟੀਜ਼ ਨੂੰ ਬੋਰਡ ਦੀ ਪਲੇਠੀ ਮੀਟਿੰਗ ਵਿੱਚ ਭਾਗ ਲੈਣ ਲਈ ਧੰਨਵਾਦ ਕੀਤਾ।